WORKSAFEBC | ਨਿਊਜ਼ ਰਿਲੀਜ਼

# ਵਰਕਸੇਫਬੀਸੀ ਕੰਮ-ਮਾਲਕਾਂ ਨੂੰ ਇਨ੍ਹਾਂ ਗਰਮੀਆਂ ਵਿੱਚ ਅੱਤ ਦੀ ਗਰਮੀ ਅਤੇ ਜੰਗਲ ਦੀਆਂ ਅੱਗਾਂ ਲਈ ਤਿਆਰ ਰਹਿਣ ਦੀ ਅਪੀਲ ਕਰਦਾ ਹੈ

*ਗਰਮੀ ਅਤੇ ਧੂੰਏਂ ਵਾਲੇ ਹਾਲਾਤ ਅੰਦਰ ਅਤੇ ਬਾਹਰ ਦੋਵੇਂ ਤਰ੍ਹਾਂ ਦੇ ਕੰਮ ਕਰਨ ਵਾਲੇ ਕਾਮਿਆਂ ਲਈ ਚੁਨੌਤੀਆਂ ਪੈਦਾ ਕਰਦੇ ਹਨ।*

**ਰਿਚਮੰਡ, ਬੀ.ਸੀ. (10 ਜੂਨ , 2025)** — ਜਿਵੇਂ-ਜਿਵੇਂ ਗਰਮੀ ਦੀ ਰੁੱਤ ਨੇੜੇ ਆ ਰਹੀ ਹੈ, ਵਰਕਸੇਫਬੀਸੀ ਕੰਮ-ਮਾਲਕਾਂ ਨੂੰ ਅੱਤ ਦੀ ਗਰਮੀ ਅਤੇ ਜੰਗਲ ਦੀ ਅੱਗ ਦੇ ਧੂੰਏਂ ਨਾਲ ਜੁੜੇ ਸਿਹਤ ਅਤੇ ਸੁਰੱਖਿਆ ਦੇ ਖਤਰਿਆਂ ਲਈ ਤਿਆਰ ਰਹਿਣ ਦੀ ਤਾਕੀਦ ਕਰ ਰਿਹਾ ਹੈ। ਜੇਕਰ ਸਹੀ ਢੰਗ ਨਾਲ ਪ੍ਰਬੰਧ ਨਾ ਕੀਤਾ ਜਾਵੇ, ਤਾਂ ਇਹ ਖਤਰੇ ਵਰਕਰਾਂ ਲਈ ਗੰਭੀਰ ਸੱਟਾਂ ਦਾ ਕਾਰਨ ਬਣ ਸਕਦੇ ਹਨ, ਜਿਵੇਂ ਕਿ ਹੀਟ ਸਟ੍ਰੈੱਸ (ਗਰਮੀ ਦਾ ਤਣਾਅ) ਅਤੇ ਸਾਹ ਦੀਆਂ ਸਮੱਸਿਆਵਾਂ।

ਵਰਕਸੇਫਬੀਸੀ ਵਿਖੇ ਪ੍ਰੀਵੈਂਸ਼ਨ ਫੀਲਡ ਸਰਵਿਸਿਜ਼ ਦੇ ਮੈਨੇਜਰ ਸੰਦੀਪ ਮਾਂਗਟ ਕਹਿੰਦੇ ਹਨ, "ਗਰਮੀਆਂ ਦੇ ਮਹੀਨਿਆਂ ਦੌਰਾਨ ਗਰਮੀ ਅਤੇ ਧੂੰਏਂ ਵਾਲੀਆਂ ਹਾਲਤਾਂ ਅੰਦਰ ਕੰਮ ਕਰਨ ਵਾਲੇ ਅਤੇ ਬਾਹਰ ਕੰਮ ਕਰਨ ਵਾਲੇ ਦੋਵਾਂ ਤਰ੍ਹਾਂ ਦੇ ਕਾਮਿਆਂ ਲਈ ਚੁਨੌਤੀਆਂ ਪੈਦਾ ਕਰਦੀਆਂ ਹਨ। ਹਾਲ ਹੀ ਦੇ ਸਾਲਾਂ ਵਿੱਚ ਅੱਤ ਦੀ ਗਰਮੀ ਨਾਲ ਸਬੰਧਿਤ ਖਤਰੇ ਜ਼ਿਆਦਾ ਵਧਣ ਕਾਰਨ, ਕੰਮ-ਮਾਲਕਾਂ ਨੂੰ ਖਤਰਿਆਂ ਦਾ ਪਹਿਲਾਂ ਮੁਲਾਂਕਣ ਕਰਨ ਅਤੇ ਆਪਣੇ ਵਰਕਰਾਂ ਦੀ ਸੁਰੱਖਿਆ ਲਈ ਪ੍ਰਭਾਵਸ਼ਾਲੀ ਯੋਜਨਾਵਾਂ ਅਤੇ ਉਪਾਅ ਲਾਗੂ ਕਰਨ ਦੀ ਲੋੜ ਹੈ।"

## ਅੱਤ ਦੀ ਗਰਮੀ

ਬੀ.ਸੀ. ਵਿੱਚ ਵਰਕਰਾਂ ਲਈ ਹੀਟ ਸਟ੍ਰੈੱਸ (ਗਰਮੀ ਦਾ ਤਣਾਅ) ਖਤਰਾ ਬਣਿਆ ਹੋਇਆ ਹੈ। ਅੱਤ ਦੀ ਗਰਮੀ ਦੀਆਂ ਹਾਲਤਾਂ ਅੰਦਰਲੇ ਵਾਤਾਵਰਨਾਂ - ਜਿਵੇਂ ਕਿ ਰਸੋਈਆਂ, ਵੇਅਰਹਾਊਸ, ਜਾਂ ਮੈਨੂਫੈਕਚਰਿੰਗ ਫਲੋਰਜ਼ (ਫੈਕਟਰੀਆਂ 'ਚ ਉਤਪਾਦਨ ਵਾਲੀਆਂ ਥਾਵਾਂ ) – ਉੱਪਰ ਅਸਰ ਕਰ ਸਕਦੀਆਂ ਅਤੇ ਵਰਕਰਾਂ ਲਈ ਖਤਰਾ ਵਧਾ ਸਕਦੀਆਂ ਹਨ, ਖਾਸ ਕਰਕੇ ਏਅਰ ਕੰਡੀਸ਼ਨਿੰਗ ਤੋਂ ਬਿਨਾਂ ਕੰਮ ਵਾਲੀਆਂ ਥਾਵਾਂ ਵਿੱਚ। ਜਦੋਂ ਤਾਪਮਾਨ ਵਧਦਾ ਹੈ, ਤਾਂ ਕੰਮ-ਮਾਲਕਾਂ ਲਈ ਆਪਣੀ ਅੰਦਰਲੀ ਕੰਮ ਵਾਲੀ ਥਾਂ ਦੀਆਂ ਹਾਲਤਾਂ ਦਾ ਮੁੜ ਮੁਲਾਂਕਣ ਕਰਨਾ ਜ਼ਰੂਰੀ ਹੈ ਅਤੇ ਢੁਕਵੇਂ ਉਪਾਅ ਲਾਗੂ ਕਰਨੇ ਜ਼ਰੂਰੀ ਹਨ, ਜਿਵੇਂ ਕਿ ਵੈਂਟੀਲੇਸ਼ਨ (ਹਵਾਦਾਰੀ), ਆਰਾਮ ਕਰਨ ਲਈ ਬ੍ਰੇਕ, ਅਤੇ ਪੀਣ ਵਾਲੇ ਠੰਢੇ ਪਾਣੀ ਤੱਕ ਪਹੁੰਚ।

2020 ਅਤੇ 2024 ਦੇ ਵਿਚਕਾਰ, ਵਰਕਸੇਫਬੀਸੀ ਨੇ ਗਰਮੀ ਨਾਲ ਸਬੰਧਿਤ ਸੱਟਾਂ ਦੇ 315 ਕਲੇਮਾਂ ਨੂੰ ਸਵੀਕਾਰ ਕੀਤਾ, ਜਿਨ੍ਹਾਂ ਵਿੱਚ ਸਭ ਤੋਂ ਵੱਧ ਗਿਣਤੀ ਆਵਾਜਾਈ, ਪਬਲਿਕ ਵਰਕਸ, ਕੰਸਟਰੱਕਸ਼ਨ, ਫੂਡ ਸਰਵਿਸਜ਼ (ਭੋਜਨ ਸੇਵਾਵਾਂ), ਅਤੇ ਫਿਲਮ ਅਤੇ ਟੈਲੀਵਿਜ਼ਨ ਉਤਪਾਦਨ ਵਿੱਚ ਸੀ।

ਗਰਮੀਆਂ ਦੇ ਮਹੀਨਿਆਂ ਦੌਰਾਨ, ਬਾਹਰ ਕੰਮ ਕਰਨ ਵਾਲਿਆਂ ਨੂੰ ਯੂ ਵੀ ਕਿਰਨਾਂ ਨਾਲ ਜੁੜੇ ਖਤਰਿਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਲੰਬੇ ਸਮੇਂ ਤੱਕ ਸੂਰਜ ਹੇਠ ਰਹਿਣ ਨਾਲ ਚਮੜੀ ਨੂੰ ਨੁਕਸਾਨ ਹੋ ਸਕਦਾ ਹੈ - ਜਿਸ ਕਾਰਨ ਬਾਹਰ ਕੰਮ ਕਰਨ ਵਾਲਿਆਂ ਨੂੰ ਅੰਦਰ ਕੰਮ ਕਰਨ ਵਾਲਿਆਂ ਨਾਲੋਂ ਚਮੜੀ ਦੇ ਕੈਂਸਰ ਹੋਣ ਦੀ ਸੰਭਾਵਨਾ 3.5 ਗੁਣਾ ਵੱਧ ਹੁੰਦੀ ਹੈ।

## ਜੰਗਲੀ ਅੱਗ ਦਾ ਧੂੰਆਂ

ਬੀ.ਸੀ. ਦੇ ਕਈ ਹਿੱਸਿਆਂ ਵਿੱਚ ਗਰਮੀਆਂ ਦੀ ਰੁੱਤ ਵਧੇਰੇ ਗਰਮ ਤੇ ਖੁਸ਼ਕ ਹੋਣ ਕਾਰਨ ਜੰਗਲ ਦੀਆਂ ਅੱਗਾਂ ਜ਼ਿਆਦਾ ਆਮ ਅਤੇ ਤੀਬਰ ਹੋ ਰਹੀਆਂ ਹਨ - ਅਤੇ ਵਧੇਰੇ ਵਰਕਰ ਜੰਗਲ ਦੀ ਅੱਗ ਦੇ ਧੂੰਏਂ ਦੇ ਅਸਰ ਹੇਠ ਆ ਰਹੇ ਹਨ। ਜੰਗਲੀ ਅੱਗ ਦੇ ਧੂੰਏਂ ਵਿੱਚ ਬਰੀਕ ਕਣ ਅਤੇ ਜ਼ਹਿਰੀਲੀਆਂ ਗੈਸਾਂ ਹੁੰਦੀਆਂ ਹਨ ਜਿਹੜੀਆਂ ਫੇਫੜਿਆਂ ਵਿੱਚ ਡੂੰਘੀਆਂ ਧਸ ਸਕਦੀਆਂ ਹਨ, ਦਮੇ ਵਰਗੀਆਂ ਸਾਹ ਦੀਆਂ ਬਿਮਾਰੀਆਂ ਨੂੰ ਵਧਾ ਸਕਦੀਆਂ ਹਨ, ਅਤੇ ਫੇਫੜਿਆਂ ਅਤੇ ਦਿਲ ਦੀ ਬਿਮਾਰੀ ਦੋਵਾਂ ਦੇ ਖਤਰੇ ਨੂੰ ਵਧਾ ਸਕਦੀਆਂ ਹਨ। ਇਸ ਤਰ੍ਹਾਂ, ਜੰਗਲੀ ਅੱਗ ਦੇ ਧੂੰਏਂ ਨੂੰ ਇੱਕ ਖ਼ਤਰਨਾਕ ਪਦਾਰਥ ਮੰਨਿਆ ਜਾਣਾ ਚਾਹੀਦਾ ਹੈ।

## ਕੰਮ-ਮਾਲਕ ਦੀਆਂ ਜ਼ਿੰਮੇਵਾਰੀਆਂ

ਬੀ.ਸੀ. ਵਿੱਚ ਕੰਮ-ਮਾਲਕਾਂ ਨੂੰ ਆਪਣੇ ਵਰਕਰਾਂ ਲਈ ਕੰਮ ਵਾਲੀ ਥਾਂ ਦਾ ਸਿਹਤਮੰਦ ਅਤੇ ਸੁਰੱਖਿਅਤ ਹੋਣਾ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ, ਅਤੇ ਇਸ ਵਿੱਚ ਉਹਨਾਂ ਨੂੰ ਗਰਮੀ ਨਾਲ ਸਬੰਧਿਤ ਖਤਰਿਆਂ ਤੋਂ ਬਚਾਉਣਾ ਵੀ ਸ਼ਾਮਲ ਹੈ।

ਮਾਂਗਟ ਨੇ ਕਿਹਾ, "ਕੰਮ-ਮਾਲਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਕਾਮਿਆਂ ਨੂੰ ਹੀਟ ਸਟ੍ਰੈੱਸ (ਗਰਮੀ ਦੇ ਤਣਾਅ) ਅਤੇ ਹਵਾ ਦੀ ਮਾੜੀ ਕੁਆਲਿਟੀ ਤੋਂ ਬਚਾਉਣ। ਕੰਮ-ਮਾਲਕਾਂ ਨੂੰ ਖਤਰਿਆਂ ਦੀ ਪਛਾਣ ਕਰਨ ਅਤੇ ਹੱਲ ਵਿਕਸਤ ਕਰਨ ਵਿੱਚ ਵਰਕਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਜਿਸ ਨਾਲ ਸੁਰੱਖਿਆ ਦੇ ਮਜ਼ਬੂਤ ਅਤੇ ਵਧੇਰੇ ਪ੍ਰਭਾਵਸ਼ਾਲੀ ਨਤੀਜੇ ਨਿਕਲਦੇ ਹਨ।

## ਕੰਮ-ਮਾਲਕਾਂ ਲਈ ਔਨਲਾਈਨ ਵਸੀਲੇ

- ਕੰਮ 'ਤੇ ਹੀਟ ਸਟ੍ਰੈੱਸ (ਗਰਮੀ ਦੇ ਤਣਾਅ) ਨੂੰ ਰੋਕਣਾ (ਕਿਤਾਬੜੀ)

- ਜੰਗਲੀ ਅੱਗ ਦਾ ਧੂੰਆਂ: ਅਕਸਰ ਪੁੱਛੇ ਜਾਣ ਵਾਲੇ ਸਵਾਲ
- ਵਰਕਸੇਫਬੀਸੀ ਦਾ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਕੰਮ-ਮਾਲਕਾਂ ਦੇ ਫਰਜ਼ਾਂ ਬਾਰੇ ਦਸਦਾ ਹੈ:
  - ਸੈਕਸ਼ਨ 7.27–7.32 ਗਰਮੀ ਦੇ ਪ੍ਰਭਾਵ ਨਾਲ ਸਬੰਧਿਤ ਹਨ।
  - ਸੈਕਸ਼ਨ 4.80 ਇਮਾਰਤ ਦੇ ਅੰਦਰ ਹਵਾ ਦੀ ਕੁਆਲਿਟੀ, ਖਾਸ ਕਰਕੇ ਤਾਪਮਾਨ ਅਤੇ ਨਮੀ ਨੂੰ ਕਵਰ ਕਰਦਾ ਹੈ।

-30-

**ਵਰਕਸੇਫਬੀਸੀ ਬਾਰੇ**

*ਵਰਕਸੇਫਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਕਾਮਿਆਂ ਅਤੇ 285,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

### ਹੋਰ ਜਾਣਕਾਰੀ ਲਈ, ਸੰਪਰਕ ਕਰੋ:

ਮੀਡੀਆ ਰੀਲੇਸ਼ਨਜ਼, ਵਰਕਸੇਫਬੀਸੀ
ਈਮੇਲ: media@worksafebc.com
ਟੈਲੀਫੋਨ: 604-276-5157